# ਵੋਟ ਪਾਣਾ ਤੁਹਾਡਾ ਅਧੀਕਾਰ ਹੈ। ਆਪਣੀ ਆਵਾਜ਼ ਦੀ ਰਖਿਆ ਕਰੋ।

ਜੇਕਰ ਤੁਹਾਡੀ ਉਮਰ ਘਟੋਘਟ 18 ਸਾਲ ਹੈ ਅਤੇ ਅਮ੍ਰੀਕਨ ਨਾਗਰਿਕ ਹੋ ਤਾਂ ਵੋਟ ਪਾਣ ਦਾ ਤੁਹਾਡਾ ਅਧੀਕਾਰ ਹੈ। ਜਾਣਕਾਰੀ ਲੈ ਕੇ ਵੋਟਾਂ ਪਾਣ ਵਾਲੇ ਦਿਨ ਲਈ ਤਿਆਰ ਰਹੋ। ਤੁਹਾਡੀ ਜਾਣਕਾਰੀ ਲਈ 10 ਆਸਾਨ ਤਰੀਕੇ (ਹਿਦਾਇਤਾਂ) ਹੇਠਾਂ ਦਰਜ ਹਨ।

## 1 ਵੋਟ ਪਾਉਣ ਲਈ ਰਜਿਸਟਰ ਕਰੋ

ਆਮ ਕਰ ਕੇ ਵੋਟਰ ਰਜਿਸਟਰੇਸ਼ਨ ਦੀ ਮਿਆਦ ਅਕਤੂਬਰ ਮਹੀਨੇ ਦਾ ਅਖੀਰ ਹੁੰਦਾ ਹੈ। ਆਪਣੀ ਸਟੇਟ ਦੀ ਆਖਰੀ ਤਾਰੀਖ਼ ਬਾਰੇ ਜਾਣਕਾਰੀ ਹਾਸਿਲ ਕਰ ਲਵੋ॥

## 2 ਪੜਤਾਲ ਕਰ ਲਵੋ ਕਿ ਤੁਸੀਂ ਹਾਲ ਦੇ ਪਤੇ ਉੱਤੇ ਰਜਿਸਟਰ ਹੋ

ਪੜਤਾਲ ਕਰ ਲਵੋ ਕਿ ਤੁਹਾਡਾ ਨਾਮ ਅਜੋਕੇ ਜਾਂ ਹਾਲ ਦੇ ਪਤੇ ਦਰਜ ਹੈ। ਆਪਣੇ ਇਲਾਕੇ ਦੇ ਅਲੈਕਸ਼ਨ ਦਫਤਰ ਤੋਂ ਪਤਾ ਕਰ ਲਵੋ ਕਿ ਤੁਹਾਡੇ ਨਾਮ ਦੀ ਰਜਿਸਟਰੇਸ਼ਨ ਦਾ ਕੋਈ ਮਸਲਾ ਨਹੀਂ ਹੈ ਖਾਸ ਕਰ ਜਦੋਂ ਤੁਸੀਂ ਹਾਲ ਵਿਚ ਹੀ ਘਰ ਜਾਂ ਨਾਮ ਬਦਲਿਆ ਹੋਵੇ ਜਾਂ ਹਾਲ ਵਿਚ ਹੋਏ ਅਲੈਕਸ਼ਨ ਵਿਚ ਵੋਟ ਨਾ ਪਾਇਆ ਹੋਵੇ।

## 3 ਜਲਦੀ ਵੋਟ ਪਾਣਾ

ਕਈ ਸਟੇਟਸ ਵਿਅਕਤੀਗਤ ਜਾਂ ਡਾਕ ਰਾਹੀਂ ਜਲਦੀ ਵੋਟਾਂ ਪਾਣ ਦੀ ਸਹੂਲਤਾਂ ਦਿੰਦੀਆਂ ਹਨ। ਕੀ ਤੁਸੀਂ ਐਸਾ ਕਰ ਸਕਦੇ ਹੋ? ਜੇਕਰ ਹਾਂ, ਤੁਸੀ ਅਲੈਕਸ਼ਨ ਵਾਲੇ ਦਿਨ ਵਲੈਂਟੀਅਰ ਦਾ ਕੰਮ ਕਰ ਸਕਦੇ ਹੋ।

## 4 ਵੋਟ ਪਾਣ ਵਾਲੇ ਸਥਾਨ ਦਾ ਗਿਆਨ

ਆਪਣੇ ਇਲਾਕੇ ਦੇ ਅਲੇਕਸ਼ਨ ਦਫਤਰ ਤੋਂ ਵੋਟ ਪਾਣ ਦੇ ਸਥਾਨ ਦਾ ਸਹੀ ਪਤਾ ਕਰ ਲਵੋ। ਇਹ ਵੀ ਪਤਾ ਕਰ ਲਵੋ ਕਿ ਵੋਟ ਪਾਣ ਦੇ ਤਰੀਕੇ ਵਿਚ ਤਾਂ ਕੋਈ ਬਦਲਾਵ ਨਹੀਂ ਆਇਆ। ਸਹੀ ਗਿਆਨ ਹੋਣ ਨਾਲ ਵੋਟ ਬੇਕਾਰ ਜਾਂ ਖਰਾਬ ਹੋਣ ਤੋਂ ਬਚ ਜਾਂਦਾ ਹੈ।

## 5 ਪਹਿਚਾਨ ਪੱਤਰ

ਪਤਾ ਕਰ ਲਵੋ ਕਿ ਤੁਹਾਡੀ ਸਟੇਟ ਵਿਚ ਕਿਹੜੇ ਪਹਿਚਾਨ ਪੱਤਰ ਦੀ ਮਨਜ਼ੂਰੀ ਹੈ। ਵੋਟ ਪਾਣ ਵੇਲੇ ਪਹਿਚਾਨ ਪੱਤਰ ਦੀ ਲੋੜ ਪੈਂਦੀ ਹੈ। ਸਰਕਾਰੀ ਦਫਤਰ ਤੋਂ ਬਣਿਆ ਪਹਿਚਾਨ ਪੱਤਰ, ਯੁਟੀਲਿਟੀ ਬਿਲ, ਟੈਲੀਫੂਨ ਬਿਲ ਜਾਂ ਤਨਖਾਹ ਦਾ ਚੈਕ ਜਿਸ ਤੇ ਤੁਹਾਡਾ ਨਾਮ ਅਤੇ ਪਤਾ ਲਿਖਿਆ ਹੋਵੇ, ਦੀ ਲੋੜ ਪੈਂਦੀ ਹੈ। ਵਖ ਵਖ ਸਟੇਟਸ ਵਿਚ ਪਹਿਲੀ ਵਾਰ ਵੋਟ ਪਾਣ ਵਾਲਿਆਂ ਵੋਟਰਾਂ ਲਈ ਕੁਝ ਹੋਰ ਹਿਦਾਇਤਾਂ ਹੋ ਸਕਦੀਆਂ ਹਨ ਜਿਨ੍ਹਾਂ ਦਾ ਗਿਆਨ ਹੋਣਾਂ ਜਰੂਰੀ ਹੈ।

## 6 ਦੋਸਤ ਜਾਂ ਰਿਸਤੇਦਾਰ ਨਾਲ ਲਿਆਣਾ

ਫੈਡਰਲ ਕਾਨੂਨ ਦੇ ਅਧੀਨ ਦੋਸਤ ਜਾ ਪਰਵਾਰ ਦੇ ਕਿਸੇ ਮੈਮਬਰ ਨੂੰ ਨਾਲ ਲਿਆਣ ਦੀ ਇਜਾਜ਼ਤ ਹੈ ਜੋ ਤੁਹਾਨੂੰ ਸਮਝ ਆਉਣ ਵਾਲੀ ਜੁਬਾਨ ਵਿਚ ਤਰਜੁਮਾ ਕਰ ਕੇ ਦਸ ਸਕੇ।

## 7 ਗਲਤੀ ਹੋਣ ਤੇ ਨਵਾਂ ਬੈਲਟ ਮੰਗ ਸਕਦੇ ਹੋ

ਫੈਡਰਲ ਕਾਨੂਨ ਦੇ ਅਧੀਨ ਬੈਲਟ ਪੇਪਰ ਤੇ ਗ਼ਲਤੀ ਹੋ ਜਾਣ ਦੀ ਸੂਰਤ ਵਿਚ ਨਵਾਂ ਬੈਲਟ ਪੇਪਰ ਮੰਗਣ ਦੀ ਸਹੂਲਤ ਜਾਂ ਇਜਾਜ਼ਤ ਹੈ।

## 8 ਵੋਟ ਪਾਏ ਬਿਨਾ ਵਾਪਿਸ ਨਾ ਜਾਉ

ਵੋਟ ਪਾਣ ਦਾ ਸਮਾਂ ਖਤਮ ਹੋਣ ਵੇਲੇ ਜੇਕਰ ਤੁਸੀ ਲਾਈਨ ਵਿਚ ਖੜੇ ਹੋ, ਤਾਂ ਤੁਸੀ ਵੋਟ ਪਾਏ ਬਿਨਾ ਵਾਪਿਸ ਨਾ ਜਾਉ। ਇਹ ਤੁਹਾਡਾ ਅਧੀਕਾਰ ਹੈ।

## 9 ਜੇਕਰ ਆਰਜ਼ੀ ਬੈਲਟ ਮਿਲੇ ਤਾ ਕੀ ਕਰਨਾ ਚਾਹੀਦਾ ਹੈ

ਵੋਟ ਅਧੀਕਾਰੀ ਜੇਕਰ ਕਹੇ ਕਿ ਤੁਹਾਡੀ ਰਜਿਸਟਰੇਸ਼ਨ ਦਾ ਮਸਲਾ ਹੈ (ਜਿਵੇਂ ਕਿ ਵੋਟਰ ਲਿਸਟ ਵਿਚ ਤੁਹਾਡਾ ਨਾਮ ਨਹੀਂ) ਤੇ ਤੁਹਾਨੂੰ ਆਰਜ਼ੀ ਬੈਲਟ ਦਵੇ ਤਾਂ ਪੁਛ ਲਵੋ ਕਿ ਤੁਸੀਂ ਸਹੀ ਵੋਟਿੰਗ ਬੂਥ ਜਾਂ ਸਥਾਨ ਤੇ ਹੋ ਅਤੇ ਕੋਈ ਹੋਰ ਹਲ ਨਹੀਂ ਤਾਂ ਆਰਜ਼ੀ ਬੈਲਟ ਤੇ ਵੋਟ ਪਾ ਦੇਵੋ।

## 10 ਵੋਟ ਪਾਉਣਾ ਤੁਹਾਡਾ ਅਧੀਕਾਰ ਹੈ, ਭਾਵੇਂ ਤੁਹਾਡਾ ਪਹਰਾਵਾ ਕਿਸੇ ਵੀ ਤਰਾਂ ਦਾ ਹੋਵੇ

ਵੋਟ ਪਾਉਣਾ ਤੁਹਾਡਾ ਅਧੀਕਾਰ ਹੈ, ਭਾਵੇਂ ਤੁਸੀਂ ਕੋਈ ਵੀ ਨਸਲੀ ਯਾ ਧਾਰਮਿਕ ਪਹਰਾਵਾ ਪਾਇਆ ਹੋਵੇ, ਜਿਸ ਤਰਾਂ ਹਿਜਾਬ, ਸਾੜੀ, ਯਾ ਪੱਗ। ਜੇ ਤੁਸੀਂ ਉਬਾਮਾ ਦੇ ਕਪੜੇ ਪਾਏ ਹੋਣ, ਤਾਂ ਵੀ ਤੁਹਾਨੂੰ ਵੋਟ ਪਾਉਣ ਤੋਂ ਨਹੀਂ ਰੋਕ ਸਕਦੇ। ਹਰ ਸਟੇਟ ਦੇ ਕਾਨੂਣ ਵਖਰੇ ਹਣ, ਪਰ ਫਿਰ ਵੀ ਕੋਈ ਤੁਹਾਡਾ ਵੋਟ ਪਾਉਣ ਦਾ ਹਕ ਨਹੀਂ ਖੋਹ ਸਕਦੇ। ਵੱਧ ਤੋਂ ਵੱਧ, ਤੁਹਾਨੂੰ ਬਟਨ ਉਤਾਰਣਾ ਪਵੇਗਾ ਯਾ ਟੀਸਰਟ ਦੇ ਉਤੇ ਜੈਕਿਟ ਪਾਉਣੀ ਪਉਗੀ।

ਇਹ ਇਸ਼ਤਿਹਾਰ ਔਬਾਮਾ ਪਾਰਟੀ ਵੱਲੋਂ ਸਪੌਂਸਰ ਕੀਤਾ ਗਿਆ ਹੈ।